# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 31-08-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਔਰਤਾਂ ਖਿਲਾਫ ਅੱਤਿਆਚਾਰ ਅਤੇ ਬੱਚਿਆਂ ਦੀ ਸੁਰੱਖਿਆ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਏ। ਉਨ੍ਹਾਂ ਕਿਹਾ, ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਲਈ ਕਈ ਸਖ਼ਤ ਕਾਨੂੰਨ ਬਣਾਏ ਗਏ ਨੇ, ਪਰ ਇਸ ਨੂੰ ਹੋਰ ਸਰਗਰਮ ਕਰਨ ਦੀ ਲੋੜ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਔਰਤਾਂ ਵਿਰੁੱਧ ਅੱਤਿਆਚਾਰਾਂ ਦੇ ਮਾਮਲਿਆਂ ਵਿੱਚ, ਜਿੰਨੀ ਤੇਜ਼ੀ ਨਾਲ ਫੈਸਲੇ ਲਏ ਜਾਣਗੇ, ਔਰਤਾਂ ਦੀ ਸੁਰੱਖਿਆ ਦਾ ਓਨਾ ਹੀ ਵੱਡਾ ਭਰੋਸਾ ਮਿਲੇਗਾ। ਪ੍ਰਧਾਨ ਮੰਤਰੀ ਅੱਜ ਨਵੀਂ ਦਿੱਲੀ ਵਿੱਚ ਭਾਰਤ ਮੰਡਪਮ ਵਿਚ ਜ਼ਿਲ੍ਹਾ ਨਿਆਂਪਾਲਿਕਾ ਦੀ ਦੋ ਰੋਜ਼ਾ ਕੌਮੀ ਕਾਨਫਰੰਸ ਦਾ ਉਦਘਾਟਨ ਕਰਨ ਤੋਂ ਬਾਅਦ ਬੋਲ ਰਹੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਸਰਵਉੱਚ ਅਦਾਲਤ ਦੇ 75 ਸਾਲ ਲੋਕਤੰਤਰ ਦੀ ਮਾਤਾ ਵਜੋਂ ਭਾਰਤ ਦੀ ਸ਼ਾਨ ਨੂੰ ਹੋਰ ਵਧਾਉਂਦੇ ਨੇ।

ਉਨ੍ਹਾਂ ਕਿਹਾ, ਸਰਵਉੱਚ ਅਦਾਲਤ ਦੇ 75 ਸਾਲ ਭਾਰਤ ਦੇ ਸੰਵਿਧਾਨ ਅਤੇ ਇਸ ਦੀਆਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਯਾਤਰਾ ਏ। ਉਨ੍ਹਾਂ ਕਿਹਾ, ਇਹ ਭਾਰਤ ਦੇ ਲੋਕਤੰਤਰ ਦੇ ਰੂਪ ਵਿੱਚ ਹੋਰ ਪਰਿਪੱਕ ਹੋਣ ਦੀ ਯਾਤਰਾ ਏ। ਸ਼੍ਰੀ ਮੋਦੀ ਨੇ ਕਿਹਾ ਕਿ ਐਮਰਜੈਂਸੀ ਦੇ ਕਾਲੇ ਦੌਰ ਵਿੱਚ ਵੀ ਸਰਵਉੱਚ ਅਦਾਲਤ ਨੇ ਦੇਸ਼ ਵਾਸੀਆਂ ਦੇ ਮੌਲਿਕ ਅਧਿਕਾਰਾਂ ਦੀ ਗਾਰੰਟੀ ਦਿੱਤੀ ਅਤੇ ਕੌਮੀ ਹਿੱਤਾਂ ਦੇ ਸਵਾਲ ’ਤੇ ਹਰ ਵਾਰ ਸੁਪਰੀਮ ਕੋਰਟ ਨੇ ਕੌਮੀ ਅਖੰਡਤਾ ਦੀ ਰਾਖੀ ਕੀਤੀ । ਕਾਨਫ਼ਰੰਸ ਵਿਚ ਬੋਲਦਿਆਂ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਦੱਸਿਆ ਕਿ ਈ-ਕੋਰਟ ਦੇ ਪੜਾਅ 3 ਤਹਿਤ ਤਕਰੀਬਨ 7 ਹਜ਼ਾਰ 200 ਕਰੋੜ ਰੁਪਏ ਅਲਾਟ ਕੀਤੇ ਗਏ ਨੇ, ਜਿਸ ਵਿੱਚ ਕਲਾਊਡ ਤਕਨਾਲੋਜੀ, ਆਰਟੀਫੀਸ਼ੀਅਲ ਇੰਟੈਲੀਜੈਂਸ ਆਦਿ ਨੂੰ ਵਧਾਇਆ ਜਾ ਰਿਹਾ ਏ । ਆਪਣੇ ਸੰਬੋਧਨ ਵਿੱਚ ਚੀਫ਼ ਜਸਟਿਸ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ, ਇਹ ਕਾਨਫਰੰਸ ਇਸ ਸਾਲ ਮਾਰਚ ਮਹੀਨੇ ਦੌਰਾਨ ਗੁਜਰਾਤ ਦੇ ਕੱਛ ਵਿੱਚ ਹੋਈ, ਆਲ ਇੰਡੀਆ ਜ਼ਿਲ੍ਹਾ ਜੱਜਾਂ ਦੀ ਕਾਨਫਰੰਸ ਦੀ ਅਗਲੀ ਕੜੀ ਏ, ਜਿੱਥੇ ਭਾਰਤੀ ਨਿਆਂਪਾਲਿਕਾ ਅਤੇ

ਕਾਨੂੰਨੀ ਪ੍ਰਣਾਲੀ ਨਾਲ ਸਬੰਧਤ ਅਹਿਮ ਮੁੱਦਿਆਂ ਅਤੇ ਅੰਦਰ ਨਿਆਂਪਾਲਿਕਾ ਦੀ ਭੂਮਿਕਾ ਬਾਰੇ ਚਰਚਾ ਕੀਤੀ ਗਈ। ਕਾਨੂੰਨ ਅਤੇ ਸਮਾਜ ਦੇ ਢਾਂਚੇ 'ਤੇ ਵਿਚਾਰ ਕੀਤਾ ਗਿਆ ਸੀ।

-----------------------------------------------------

ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾਣ ਕਾਰਨ ਪਾਣੀ ਦੀ ਘਾਟ ਗੰਭੀਰ ਸਥਿਤੀ ਵਿੱਚ ਪਹੁੰਚ ਗਈ ਏ। ਸੂਬੇ ਦੇ ਕੁੱਲ 23 ਜ਼ਿਲਿਆਂ 'ਚੋਂ ਅੱਠ ਜ਼ਿਲਿਆਂ 'ਚ ਸਥਿਤੀ ਬੇਹੱਦ ਚਿੰਤਾਜਨਕ ਏ, ਜਦਕਿ 9 ਜ਼ਿਲਿਆਂ 'ਚ ਪਾਣੀ ਦਾ ਪੱਧਰ ਨਾਜ਼ੁਕ ਸਥਿਤੀ 'ਤੇ ਪਹੁੰਚ ਗਿਆ ਏ। ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਇੱਕ ਰਿਪੋਰਟ ਅਨੁਸਾਰ ਸੂਬੇ ਵਿੱਚ ਕਰੀਬ 17 ਬਿਲੀਅਨ ਕਿਊਬਿਕ ਮੀਟਰ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ ਏ ਜਦੋਂ ਕਿ 28 ਬਿਲੀਅਨ ਘਣ ਮੀਟਰ ਪਾਣੀ ਦੀ ਦੁਰਵਰਤੋਂ ਕੀਤੀ ਜਾ ਰਹੀ ਏ।

-----------------------------------------------------

ਪਠਾਨਕੋਟ ਦੀ ਸੈਲੀ ਰੋਡ ਸ਼ਾਹ ਕਾਲੋਨੀ ਤੋਂ ਕੱਲ੍ਹ ਦੁਪਹਿਰ ਅਗਵਾ

ਹੋਏ 6 ਸਾਲਾ ਬੱਚੇ ਨੂੰ ਪੁਲਿਸ ਨੇ ਰਾਤ 12 ਵਜੇ ਹਿਮਾਚਲ ਪ੍ਰਦੇਸ਼ ਦੇ ਨੂਰਪੁਰ ਇਲਾਕੇ ਤੋਂ ਸੁਰੱਖਿਅਤ ਬਰਾਮਦ ਕਰ ਲਿਆ। ਪੁਲਿਸ ਹੁਣ ਤੱਕ ਇਸ ਮਾਮਲੇ ਵਿੱਚ ਦੋ ਅਗਵਾਕਾਰਾਂ ਦੀ ਪਛਾਣ ਕਰ ਚੁੱਕੀ ਏ। ਦੱਸ ਦੇਈਏ ਕਿ ਕੱਲ੍ਹ ਦੁਪਹਿਰ ਸਕੂਲ ਤੋਂ ਵਾਪਸ ਆਉਂਦੇ ਸਮੇਂ ਕਾਰ ਸਵਾਰ ਅਗਵਾਕਾਰਾਂ ਨੇ ਇਇਸ਼ ਬੱਚੇ ਨੂੰ ਉਸਦੇ ਘਰ ਨੇੜਿਓਂ ਅਗਵਾ ਕਰ ਲਿਆ ਸੀ ਅਤੇ 2 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਵਾਲੀ ਚਿੱਠੀ ਸੁੱਟ ਕੇ ਫਰਾਰ ਹੋ ਗਏ ਸੀ। ਬਾਰਡਰ ਰੇਂਜ ਦੇ ਡੀ.ਆਈ.ਜੀ ਸਤਿੰਦਰ ਸਿੰਘ ਨੇ ਦੱਸਿਆ ਕਿ ਬੱਚੇ ਦੇ ਅਗਵਾ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਨਾਕਾਬੰਦੀ ਕਰਕੇ ਕਰਕੇ ਸੁਰੱਖਿਅਤ ਬਰਾਮਦ ਕਰ ਲਿਆ ਏ। ਡੀਆਈਜੀ ਨੇ ਦੱਸਿਆ ਕਿ ਹੁਣ ਤੱਕ ਬੱਚੇ ਨੂੰ ਅਗਵਾ ਕਰਨ ਦੇ ਮੁੱਖ ਮੁਲਜ਼ਮਾਂ ਵਿੱਚ ਬਰਖ਼ਾਸਤ ਬੀਐਸਐਫ ਕਾਂਸਟੇਬਲ ਅਮਿਤ ਰਾਣਾ ਅਤੇ ਉਸ ਦੇ ਸਾਥੀ ਸੋਨੀ, ਜੋ ਕਿ ਹਿਮਾਚਲ ਪ੍ਰਦੇਸ਼ ਦੇ ਨੂਰਪੁਰ ਵਿੱਚ ਰਹਿੰਦੇ ਹਨ, ਉਨ੍ਹਾਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਸ ਖਿਲਾਫ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਨੇ।

-----------------------------------------------------------

ਪਟਿਆਲਾ ਜ਼ਿਲ੍ਹੇ ਦੀਆਂ ਵੱਖ ਵੱਖ ਥਾਵਾਂ ਤੋਂ ਬਾਅਦ ਹੁਣ ਫਤਿਹਗੜ੍ਹ ਸਾਹਿਬ ਦੇ ਪਿੰਡਾਂ ਵਿੱਚ ਵੀ ਤੇਦੂਆ ਦਿਖਿਆ ਏ। ਪਿੰਡ ਚਨਾਰਥਲ ਖੁਰਦ ਵਿਖੇ ਪਿੱਗ ਫਾਰਮ ਦੇ ਕੋਲ ਤੇਂਦੂਏ ਦੇ ਪੰਜਿਆਂ ਦੀਆਂ ਪੈੜਾਂ ਦੇ ਨਿਸ਼ਾਨ ਮਿਲੇ ਨੇ। ਤੇਂਦੂਏ ਦੀ ਦਸਤਕ ਕਾਰਣ ਲੋਕਾਂ ਵਿੱਚ ਵੀ ਡਰ ਦਾ ਮਾਹੌਲ ਏ। ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਪੱਤਰ ਜਾਰੀ ਕਰਕੇ ਸੁਚੇਤ ਰਹਿਣ ਦੀ ਹਦਾਇਤ ਕੀਤੀ ਏ।

-----------------------------------------------------------

ਖਿਡਾਰਨ ਆਰਤੀ ਨੇ ਪੇਰੂ ਦੀ ਰਾਜਧਾਨੀ ਲੀਮਾ ਵਿੱਚ ਚੱਲ ਰਹੀ ਵਿਸ਼ਵ ਅੰਡਰ-20 ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਔਰਤਾਂ ਦੀ 10 ਹਜਾਰ ਮੀਟਰ ਵਾਕ ਮੁਕਾਬਲੇ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਏ।